| ਹਰ ਕਹਾਣੀ ਦੇ ਦੋ ਪਹਿਲੂ ਹਨ | ਕੀ ਤੁਹਾਡੀ ਕੋਈ ਸ਼ਿਕਾਇਤ ਹੈ ? <br><br> ਜੇ ਤੁਹਾਨੂੰ ਆਪਣੀ ਦੂਰਸੰਚਾਰ (ਟੈਲੀਕਾੱਮਸ) ਕੰਪਨੀ ਨਾਲ ਸ਼ਿਕਾਇਤ ਹੱਲ ਕਰਨ ਵਿਚ ਕੋਈ ਸਮੱਸਿਆ ਹੈ, ਤਾਂ ਦੂਰਸੰਚਾਰ ਲੋਕਪਾਲ ਸੇਵਾ ਤੁਹਾਡੀ ਮਦਦ ਕਰ ਸਕਦੀ ਹੈ। |
|---|---|

## ਦੂਰਸੰਚਾਰ ਲੋਕਪਾਲ ਸੇਵਾ

ਇਹ ਅਜ਼ਾਦ, ਅਤੇ ਨਿਰਪੱਖ ਸੇਵਾ, ਜਦੋਂ ਖਪਤਕਾਰ ਤੇ ਦੂਰਸੰਚਾਰ ਕੰਪਨੀਆਂ ਸਹਿਮਤ ਨਹੀਂ ਹੁੰਦੀਆਂ, ਸ਼ਿਕਾਇਤਾਂ ਨੂੰ ਹੱਲ ਕਰਨ 'ਚ ਮਦਦ ਵਾਸਤੇ ਹੈ। ਇਸਨੂੰ ਦੂਰਸੰਚਾਰ ਬਾਰੇ ਲੋਕਪਾਲ ਦੇ ਦਫ਼ਤਰ, ਸੰਖੇਪ ਵਿਚ ਔਟੇਲੋ ਵਲੋਂ ਚਲਾਇਆ ਜਾਂਦਾ ਹੈ। ਔਟੇਲੋ ਦਾ ਕੰਮ ਸ਼ਿਕਾਇਤਾਂ ਦੀ ਨਿਰਪੱਖਤਾ ਨਾਲ ਜਾਂਚ ਕਰਨਾ, ਦੋਵਾਂ ਧਿਰਾਂ ਦੀ ਗੱਲ ਸੁਣਨਾ ਅਤੇ ਤੱਥਾਂ ਨੂੰ ਵੇਖਣਾ ਹੈ।

ਜੇ ਲੋਕਪਾਲ ਫੈਸਲਾ ਕਰਦਾ ਹੈ ਕਿ ਤੁਹਾਡੀ ਸ਼ਿਕਾਇਤ ਠੀਕ ਸੀ, ਤਾਂ ਮੈਂਬਰ ਕੰਪਨੀ ਇਸ ਫੈਸਲੇ ਨੂੰ ਮੰਨੇਗੀ ਅਤੇ ਤੁਹਾਡੇ ਲਈ ਸਹੀ ਕਾਰਵਾਈ ਕਰੇਗੀ।

ਇਸ ਗੱਲ ਦਾ ਪਤਾ ਲਾਉਣ ਲਈ ਕਿ ਸੇਵਾ ਕਿਵੇਂ ਕੰਮ ਕਰਦੀ ਹੈ ਅਤੇ ਇਸ ਹੇਠ ਕੀ ਕੀ ਆਉਂਦਾ ਹੈ, ਤਾਂ ਕਿਰਪਾ ਕਰਕੇ 0845 050 1614 'ਤੇ ਫ਼ੋਨ ਕਰਕੇ ਔਟੇਲੋ ਦੀ ਹਰ ਕਹਾਣੀ ਦੇ ਦੋ ਪਹਿਲੂ ਸਬੰਧੀ ਸ਼ਿਕਾਇਤ ਪੁਸਿਤਕਾ ਦੀ ਇਕ ਨਕਲ ਲਈ ਕਹੋ।ਇਸ ਬਾਰੇ ਤੁਹਾਨੂੰ ਔਟੇਲੋ ਦੀ ਵੈਬਸਾਈਟ www.otelo.org.uk 'ਤੇ ਵੀ ਸੂਚਨਾ ਮਿਲ ਸਕੇਗੀ।